International Research Journal of Humanities, Language and Literature
ISSN: (2394-1642)
Impact Factor 6.959 Volume 9, Issue 10, October 2022
Association of Academic Researchers and Faculties (AARF)
Website-www.aarf.asia, Email : editor@aarf.asia , editoraarf@gmail.com

# ਆਧੁਨਿਕ ਪੰਜਾਬੀ ਸਾਹਿਤ ਦੀ ਆਰੰਭਤਾ ਦਾ ਸੋਮਾ :ਭਾਈ ਵੀਰ ਸਿੰਘ

**ਡਾ• ਤਿਲਕ ਰਾਜ , ਅਸਿਸਟੈਂਟ ਪ੍ਰੋਫੈਸਰ**
**ਗੁਰੂ ਨਾਨਕ ਖਾਲਸਾ ਕਾਲਜ, ਯਮੁਨਾਨਗਰ (ਹਰਿਆਣਾ)**

ਆਧੁਨਿਕ ਪੰਜਾਬੀ ਸਾਹਿਤ ਦਾ ਆਰੰਭ ਵੀਹਵੀਂ ਸਦੀ ਦੇ ਆਰੰਭ ਨਾਲ ਹੀ ਹੋਇਆ ਮੰਨਿਆਂ ਜਾਂਦਾ ਹੈ ਅਤੇ ਇਸ ਦਾ ਆਗਾਜ਼ ਭਾਈ ਵੀਰ ਸਿੰਘ ਦੁਆਰਾ ਰਚਿਤ ਸਾਹਿਤ ਨਾਲ ਹੁੰਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਭਾਈ ਵੀਰ ਸਿੰਘ ਦਾ ਸਮਾਂ ਪੰਜਾਬੀ ਸਾਹਿਤ ਦੇ ਆਧੁਨਿਕ ਕਾਲ ਦੇ ਨਿਕਾਸ ਦਾ ਸਮਾਂ ਮੰਨਿਆਂ ਜਾਂਦਾ ਹੈ। ਇਹ ਉਹ ਯੁੱਗ ਸੀ ਜਦੋਂ ਪੰਜਾਬ ਵਿੱਚ ਵੀ ਅੰਗਰੇਜ਼ਾਂ ਦੀ ਹਕੂਮਤ ਸਥਾਪਿਤ ਹੋ ਚੁੱਕੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਕੀਤੀ ਪੰਜਾਬੀਆਂ ਦੀ ਆਪਣੀ ਹਕੂਮਤ ਦਾ ਅੰਤ ਹੋ ਚੁੱਕਾ ਸੀ। ਅੰਗਰੇਜ਼ੀ ਸਾਮਰਾਜ ਦੇ ਪ੍ਰਵੇਸ਼ ਨਾਲ ਭਾਰਤੀ ਸਮਾਜ ਦੇ ਹਰ ਖੇਤਰ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਹੋਣੀਆਂ ਸ਼ੁਰੂ ਹੋ ਗਈਆਂ। ਕੱਚੇ ਮਾਲ ਦੀ ਮੰਡੀ ਦੇ ਰੂਪ ਵਿਚ ਵਿਕਸਤ ਕਰਨ ਲਈ ਜਿੱਥੇ ਭਾਰਤ ਦਾ ਢਾਂਚਾਗ੍ਰਸਤ ਸਾਧਨਾਂ ਦਾ ਵਿਕਾਸ ਸ਼ੁਰੂ ਹੋਇਆ ਉਥੇ ਭਾਰਤ ਦੇ ਲੋਕਾਂ ਦੀ ਲੁੱਟ ਦਾ ਅਮਲ ਵੀ ਤੇਜ਼ ਹੋਇਆ। ਅੰਗਰੇਜ਼ਾਂ ਨੇ ਆਪਣੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਦੇ ਵਿਕਾਸ ਲਈ ਸਾਧਨ ਜੁਟਾਉਣ ਲਈ ਅਤੇ ਭਾਰਤ ਦੇ ਲੋਕਾਂ ਨੂੰ ਆਪਣੇ ਪ੍ਰਭਾਵ ਅਧੀਨ ਕਰਨ ਲਈ ਵਿਦਿਆ ਦਾ ਪਾਸਾਰ ਸ਼ੁਰੂ ਕੀਤਾ । ਵਿਦਿਆ ਦੇ ਨਾਲ-ਨਾਲ ਉਹਨਾਂ ਨੇ ਈਸਾਈ ਧਰਮ ਦੇ ਪ੍ਰਚਾਰ ਹਿੱਤ ਖੇਤਰੀ ਭਾਸ਼ਾ ਵਿਚ ਸਾਹਿਤ ਛਾਪਣ ਲਈ ਭਾਸ਼ਾਵਾਂ ਦੇ ਟਾਈਪ ਅਤੇ ਛਾਪੇਖਾਨੇ ਵਰਗੇ ਸਾਧਨ ਤਿਆਰ ਕੀਤੇ । ਅੰਗਰੇਜ਼ਾਂ ਨੇ ਇਹ ਨੀਤੀ ਭਾਵੇਂ ਆਪਣੇ ਰਾਜ ਨੂੰ ਪੱਕਿਆਂ ਕਰਨ ਲਈ ਅਪਣਾਈ ਪਰ ਇਸ ਨਾਲ ਸਮਾਜ ਦੇ ਬਦਲਣ ਦਾ ਰਾਹ ਤਿਆਰ ਹੋ ਗਿਆ । ਲੋਕਾਂ ਵਿਚ ਆਪਣੇ ਵਿਰਸੇ ਨੂੰ ਖੋਜਣ ਅਤੇ ਸਾਹਿਤ ਨੂੰ ਜਾਨਣ ਦੀ ਇੱਛਾ ਪੈਦਾ ਹੋਣ ਲੱਗੀ । ਭਾਰਤ ਵਿੱਚ ਰਾਸ਼ਟਰੀ ਏਕਤਾ ਅਤੇ ਚੇਤਨਾ ਵਿਕਸਿਤ ਹੋਣ ਲੱਗੀ । ਈਸਾਈ ਮੱਤ ਦੇ ਪਰਚਾਰ ਦੇ ਖ਼ਿਲਾਫ਼ ਭਾਰਤ ਵਿਚ ਧਾਰਮਿਕ ਪੁਨਰ- ਜਾਗਰਣ ਦੀਆਂ ਲਹਿਰਾਂ ਦਾ ਜਨਮ ਹੋਣ ਲੱਗਾ। ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਮਜ਼ਬੂਤ ਰਾਜ ਹੋਣ ਕਰਕੇ ਅੰਗਰੇਜ਼ਾਂ ਨੇ ਪੰਜਾਬ ਨੂੰ ਬਾਕੀ ਭਾਰਤ ਨਾਲੋਂ ਲਗਭਗ ਸੌ ਸਾਲ ਬਾਅਦ ਆਪਣੇ ਕਬਜ਼ੇ ਵਿੱਚ ਲਿਆ । ਇਸ ਤੋਂ ਬਾਅਦ ਪੰਜਾਬ ਵਿੱਚ ਵੀ ਬਾਕੀ ਭਾਰਤ ਵਾਂਗ ਉਹੋ ਜਿਹੀਆਂ ਤਬਦੀਲੀਆਂ ਵਾਪਰਨੀਆਂ ਸ਼ੁਰੂ ਹੋ ਗਈਆਂ । ਪੰਜਾਬ ਵਿੱਚ ਵੀ ਰਾਸ਼ਟਰੀ ਏਕਤਾ ਅਤੇ ਅਜ਼ਾਦੀ ਲਈ ਲਹਿਰ ਵਿਕਸਤ ਹੋਈ। ਇਸ ਦੇ ਨਾਲ ਹੀ ਇੱਥੇ ਵੀ ਧਾਰਮਿਕ ਪੁਨਰ-ਜਾਗਰਣ ਦੀਆਂ ਲਹਿਰਾਂ , ਸਿੰਘ ਸਭਾ ਲਹਿਰ, ਅਹਿਮਦੀਆ ਲਹਿਰ, ਆਰੀਆ ਸਮਾਜੀ ਲਹਿਰ ਆਦਿ ਪੈਦਾ ਹੋਈਆਂ। ਇਹ ਲਹਿਰਾਂ ਭਾਵੇਂ ਈਸਾਈ ਧਰਮ ਦੇ ਪ੍ਰਚਾਰ ਦੇ ਪ੍ਰਤਿਕਰਮ ਵਜੋਂ ਪੈਦਾ ਹੋਈਆਂ ਸਨ ਪਰ ਇਸ ਦੇ ਨਾਲ-ਨਾਲ ਇਨ੍ਹਾਂ ਦਾ ਚਰਿੱਤਰ ਇਕ ਦੂਜੇ ਦਾ ਵਿਰੋਧ ਕਰਨ ਵਾਲਾ ਵੀ ਬਣ ਗਿਆ। ਧਾਰਮਿਕ ਵਿਰੋਧ ਕਰਨ ਵਾਲਾ ਇਹ ਸੁਭਾਅ ਅੰਗਰੇਜ਼ੀ ਸਾਮਰਾਜ ਲਈ ਲੋਕਾਂ ਵਿੱਚ ਫੁੱਟ ਪਾਉਣ ਵਾਲਾ ਹਥਿਆਰ ਦਾ ਕੰਮ ਕਰਨ ਲੱਗਾ। ਆਪਣੀਆਂ ਵੰਡ ਪਾਊ ਨੀਤੀਆਂ ਨਾਲ ਜਿੱਥੇ ਅੰਗਰੇਜ਼ ਹਕੂਮਤ ਲੋਕਾਂ ਨੂੰ ਵੰਡਕੇ ਆਪਣੀ ਹਕੂਮਤ ਦੇ ਪੈਰ ਪੱਕੇ ਕਰਦੇ ਰਹੇ ਉੱਥੇ ਆਪਣੇ ਸਵਾਰਥ ਵਾਸਤੇ ਉਹਨਾਂ ਨੇ ਕਈ ਪ੍ਰਕਾਰ ਦੇ ਸਾਧਨਾਂ ਦੇ ਵਿਕਾਸ ਲਈ ਵੀ ਕੰਮ ਕੀਤਾ । ਅੰਗਰੇਜ਼ਾਂ ਨੇ ਪੰਜਾਬੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਮਹੱਤਵਪੂਰਨ ਪ੍ਰਸਾਸ਼ਕੀ ਕਦਮ ਚੁੱਕੇ, ਜਿਵੇਂ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਅਤੇ ਨਹਿਰਾਂ ਦਾ ਜਾਲ ਵਿਛਾ ਕੇ ਜ਼ਮੀਨ ਨੂੰ ਉਪਜਾਊ ਬਣਾਉਣਾ। ਬੇਸ਼ੱਕ ਇਹ ਸਭ ਕੁਝ ਅੰਗਰੇਜ਼ਾਂ ਨੇ ਆਪਣੇ ਮਨੋਰਥ

ਸਿੱਧ ਕਰਨ ਲਈ ਹੀ ਕੀਤਾ ਪਰ ਇਸ ਨੇ ਆਮ ਜਨ ਮਾਨਸ ਨੂੰ ਵੀ ਕਾਫ਼ੀ ਪ੍ਰਭਾਵਿਤ ਕੀਤਾ। ਭਾਸ਼ਾਈ ਪੱਖੋਂ ਅੰਗਰੇਜ਼ੀ ਅਤੇ ਉਰਦੂ ਨੂੰ ਕੰਮਕਾਜ ਦੀ ਭਾਸ਼ਾ ਵਜੋਂ ਵਿਕਸਿਤ ਕਰਕੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਵੱਡੀ ਢਾਹ ਲਾਈ। ਈਸਾਈ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਈਸਾਈ ਮਿਸ਼ਨਰੀਆਂ ਦੇ ਵੱਧਦੇ ਪ੍ਰਚਾਰ ਦੇ ਪ੍ਰਤੀਕਰਮ ਦੇ ਫਲਸਵਰੂਪ ਧਾਰਮਿਕ ਪੁਨਰ-ਜਾਗਰਿਤੀ ਲਈ ਵੱਖ-ਵੱਖ ਧਾਰਮਿਕ ਲਹਿਰਾਂ ਦਾ ਉਭਾਰ ਭਾਈ ਵੀਰ ਸਿੰਘ ਦੇ ਸਮੇਂ ਦੀ ਮਹੱਤਵਪੂਰਨ ਘਟਨਾ ਕਹੀ ਜਾ ਸਕਦੀ ਹੈ। ਸੰਪਰਦਾਇਕ ਸਦਭਾਵ ਦੀ ਥਾਂ ਸੰਪਰਦਾਇਕ ਭੇਦਭਾਵ ਵਧਾਕੇ ਹਕੂਮਤ ਨੇ ਬਾਕੀ ਭਾਰਤ ਵਾਂਗ ਪੰਜਾਬ ਨੂੰ ਵੀ ਲੁੱਟ-ਘਸੁੱਟ ਦੀ ਬਸਤੀ ਬਣਾ ਲਿਆ।

ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਇਸ ਪਿਛੋਕੜ ਵਿੱਚ ਹੋਇਆ ਮੰਨਿਆ ਜਾਂਦਾ ਹੈ । ਇਸ ਸਾਹਿਤ ਦਾ ਮੋਢੀ ਭਾਈ ਵੀਰ ਸਿੰਘ ਹੈ ਜਿਸ ਦੇ ਜੀਵਨ ਉੱਪਰ ਸਿੰਘ ਸਭਾ ਲਹਿਰ ਦਾ ਪੂਰਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ । ਭਾਈ ਵੀਰ ਸਿੰਘ ਦਾ ਸਮਾਂ ਸਮੁੱਚੀ ਪੰਜਾਬੀਅਤ ਲਈ ਹੀ ਚੁਣੌਤੀਆਂ ਭਰਿਆ ਕਿਹਾ ਜਾ ਸਕਦਾ ਹੈ । ਭਾਈ ਵੀਰ ਸਿੰਘ ਬੁੱਧੀਜੀਵੀ ਪੰਜਾਬੀਆਂ ਵਿਚੋਂ ਸਿਰਮੋਰ ਸਨ। ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਸਮਝਦਿਆਂ ਉਨ੍ਹਾਂ ਆਪਣੇ ਅੱਖਰ ਗਿਆਨ ਨੂੰ ਹਥਿਆਰ ਬਣਾ ਕੇ ਆਪਣੇ ਧਰਮ ਅਤੇ ਪੰਜਾਬੀਅਤ ਦੇ ਸੰਕਟ ਖਿਲਾਫ ਜੰਗ ਛੇੜ ਦਿੱਤੀ । ਇਸ ਕਾਰਜ ਲਈ ਉਹਨਾਂ ਵੱਲੋਂ ਹਕੂਮਤ ਦੁਆਰਾ ਹਾਸ਼ੀਏ ‘ਤੇ ਧੱਕੀ ਗਈ ਪੰਜਾਬੀ ਭਾਸ਼ਾ ਨੂੰ ਚੁਣਿਆ ਗਿਆ।

ਭਾਈ ਵੀਰ ਸਿੰਘ ਨੇ ਆਪਣੇ ਜੀਵਨ ਕਾਲ ਵਿੱਚ ਵੱਡੀ ਪੱਧਰ ਉੱਤੇ ਸਾਹਿਤ ਰਚਨਾ ਕੀਤੀ। ਪੰਜਾਬੀ ਗਲਪ ਰੂਪ ਦੇ ਖੇਤਰ ਵਿੱਚ ਉਨ੍ਹਾਂ ਨੇ ਚਾਰ ਮਹੱਤਵਪੂਰਨ ਨਾਵਲ ‘ਸੁੰਦਰੀ’, ‘ਬਿਜੈ ਸਿੰਘ’, ‘ਸਤਵੰਤ ਕੌਰ’(ਦੋ ਭਾਗ), ‘ਬਾਬਾ ਨੌਧ ਸਿੰਘ’ ਅਤੇ ਹੋਰ ਗਲਪ ਰਚਨਾਵਾਂ ਜਿਵੇਂ ‘ਸੱਤ ਔਖੀਆਂ ਰਾਤਾਂ’ ਅਤੇ ‘ਰਾਣਾ ਭੰਬੋਰ’, ਦੀ ਸਿਰਜਣਾ ਕਰਕੇ ਪੰਜਾਬੀ ਸਾਹਿਤ ਵਿੱਚ ਗਲਪ ਸਾਹਿਤ ਦਾ ਮੁੱਢ ਬੰਨ੍ਹਿਆ। ਇਸ ਦੇ ਨਾਲ-ਨਾਲ ਉਹਨਾਂ ਨੇ ਜੀਵਨੀਆਂ, ਕਲਗੀਧਰ ਚਮਤਕਾਰ, ਪੁਰਾਤਨ ਜਨਮਸਾਖੀ, ਸ੍ਰੀ ਗੁਰੂ ਨਾਨਕ ਚਮਤਕਾਰ, ਟੀਕੇ ਅਤੇ ਹੋਰ ਵਾਰਤਕ ਰਚਨਾਵਾਂ ਦੀ ਸਿਰਜਣਾ ਕਰਕੇ ਪੰਜਬੀ ਵਾਰਤਕ ਨੂੰ ਆਧੁਨਿਕ ਪੰਜਾਬੀ ਸਾਹਿਤ ਦੀ ਨਵੀਂ ਸਿਰਫ਼ ਵਜੋਂ ਹੋਂਦ ਵਿੱਚ ਲਿਆਉਣ ਵਿੱਚ ਆਪਣਾ ਸਿਰਜਣਾਤਮਕ ਯੋਗਦਾਨ ਪਾਇਆ। ‘ਰਾਜਾ ਲੱਖਦਾਤਾ ਸਿੰਘ’ ਨਾਟਕ ਦੀ ਸਿਰਜਣਾ ਕਰਕੇ ਉਹਨਾਂ ਨਾਟਕ ਸਾਹਿਤ ਵੱਲ ਵੀ ਪਾਠਕਾਂ ਦਾ ਧਿਆਨ ਖਿੱਚਿਆ। ‘ਸਿੱਖਾਂ ਦੀ ਭਗਤਮਾਲਾ’, ਪ੍ਰਾਚੀਨ ਪੰਥ ਪ੍ਰਕਾਸ਼’,‘ਗੁਰੂ ਗ੍ਰੰਥ ਕੋਸ਼’, ਪੰਜ ਗ੍ਰੰਥੀ ਸਟੀਕ, ‘ ਵਾਰਾਂ ਭਾਈ ਗੁਰਦਾਸ’, ਅਤੇ ਸ੍ਰੀ ਗੁਰਪਰਤਾਪ ਸੂਰਜ ਗ੍ਰੰਥ’ ਆਦਿ ਦੀ ਸਿਰਜਣਾ ਨਾਲ ਇਕ ਸਿੱਖ ਇਤਿਹਾਸਕਾਰ ਅਤੇ ਵਿਆਖਿਆਕਾਰ ਵਜੋਂ ਵੀ ਸਿਰਜਣਾਤਮਕ ਕਾਰਜ ਕਰਕੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਨਵੀਨ ਸਾਹਿਤਕ ਵਿਧਾਵਾਂ ਦੀ ਆਰੰਭਤਾ ਕੀਤੀ। ਜਦੋਂ ਅਸੀਂ ਆਧੁਨਿਕ ਪੰਜਾਬੀ ਕਵਿਤਾ ਦੇ ਆਗਾਜ਼ ਬਾਰੇ ਭਾਈ ਵੀਰ ਸਿੰਘ ਦੇ ਯੋਗਦਾਨ ਦਾ ਜ਼ਿਕਰ ਕਰਦੇ ਹਾਂ ਤਾਂ ਇਹ ਸਪਸ਼ਟ ਰੂਪ ਵਿੱਚ ਸਾਹਮਣੇ ਆਉਂਦਾ ਹੈ ਕਿ ਅੰਗਰੇਜ਼ੀ ਸਾਮਰਾਜ ਦੇ ਪ੍ਰਭਾਵ ਕਾਰਨ ਤੇਜੀ ਨਾਲ ਬਦਲੀਆਂ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਸੀ ਸਥਿਤੀਆਂ ਕਾਰਨ ਸਾਹਮਣੇ ਆ ਰਹੇ ਨਵੇਂ ਸਰੋਕਾਰਾਂ ਨੂੰ ਨਵੀਨ ਕਲਾ ਦੁਆਰਾ ਪੇਸ਼ ਕਰਕੇ ਪੰਜਾਬੀ ਕਵਿਤਾ ਨੂੰ ਆਮ ਪਾਠਕਾਂ ਨਾਲ ਜੋੜਨਾ ਅਤੇ ਸਾਹਿਤ ਲਈ ਪੰਜਾਬੀ ਭਾਸ਼ਾ ਦੀ ਪਛਾਣ ਕਾਇਮ ਕਰਨਾ ਭਾਈ ਵੀਰ ਸਿੰਘ ਦੀ ਪੰਜਾਬੀ ਕਵਿਤਾ ਲਈ ਵਡਮੁੱਲੀ ਦੇਣ ਕਹੀ ਜਾ ਸਕਦੀ ਹੈ । ਇਸ ਪ੍ਰਕਾਰ ਆਧੁਨਿਕ ਪੰਜਾਬੀ ਕਵਿਤਾ ਦਾ ਆਗਾਜ਼ ਵੀ ਭਾਈ ਵੀਰ ਸਿੰਘ ਦੁਆਰਾ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਕੇ ਲੋਕ ਮਨ ਦੇ ਨੇੜੇ ਦੀ ਕਵਿਤਾ ਦੁਆਰਾ ਹੋਇਆ ਮਿਲਦਾ ਹੈ । ਕਵਿਤਾ ਦੇ ਖੇਤਰ ਵਿੱਚ ਉਨ੍ਹਾਂ ਦੇ ‘ਦਿਲ ਤਰੰਗ’, ‘ਤ੍ਰੇਲ ਤੁਪਕੇ’, ‘ਬਿਜਲੀਆਂ ਦੇ ਹਾਰ’, ‘ਲਹਿਰਾਂ ਦੇ ਹਾਰ’, ‘ਕੰਬਦੀ ਕਲਾਈ’, ‘ਮਟਕ ਹੁਲਾਰੇ’, ਪ੍ਰੀਤ ਵੀਣਾਂ ਅਤੇ ‘ਮੇਰੇ ਸਾਈਆਂ ਜੀਓ’, ਆਦਿ ਕਾਵਿ ਸੰਗ੍ਰਹਿ ਮਿਲਦੇ ਹਨ ਅਤੇ ‘ਰਾਣਾ ਸੂਰਤ ਸਿੰਘ’ ਉਨ੍ਹਾਂ ਦਾ ਇੱਕ ਮਹੱਤਵਪੂਰਨ ਮਹਾਂ-ਕਾਵਿ ਹੈ । ਭਾਈ ਵੀਰ ਸਿੰਘ ਤੋਂ ਪਹਿਲਾਂ ਪੰਜਾਬੀ ਕਵਿਤਾ ਮੱਧਕਾਲ ਤੋਂ ਤੁਰੀ ਆ ਰਹੀ ਪਰੰਪਰਾ ਅਨੁਸਾਰ ਹੀ ਰਚੀ ਜਾ ਰਹੀ ਸੀ ਜਿਸ ਵਿਚ ਕਿੱਸੇ, ਬਾਰਾਂਮਾਹ, ਸਿਹਰਫ਼ੀ, ਜੰਗਨਾਮੇ, ਵਾਰਾਂ ਅਤੇ ਸੂਫ਼ੀ ਕਵਿਤਾ ਪ੍ਰਮੁੱਖ ਕਹੀਆਂ ਜਾ ਸਕਦੀਆਂ ਹਨ ਜੋ ਮੁੱਖ ਤੌਰ ਤੇ ਗੁਰਬਾਣੀ, ਸੂਫ਼ੀ-ਕਾਵਿ ਅਤੇ ਕਿੱਸਾ-ਕਾਵਿ ਦੀ ਅਮੀਰ ਪ੍ਰੰਪਰਾ ਤੋਂ ਪ੍ਰਭਾਵਤ ਸਨ। ਇਸ ਪੂਰਬ-ਅਧੁਨਿਕ ਕਾਲ ਦੀ ਕਵਿਤਾ ਨੂੰ ਅਸੀਂ ਰਵਾਇਤੀ ਜਾਂ ਪ੍ਰੰਪਰਕ ਕਵਿਤਾ ਆਖ ਸਕਦੇ ਹਾਂ। ਇਸ ਕਵਿਤਾ ਦਾ ਸਮੁੱਚਾ ਸੁਭਾਅ ਪਰੰਪਰਕ ਮਰਿਯਾਦਾ ਪੱਖੀ ਕਿਹਾ ਜਾ ਸਕਦਾ ਹੈ। ਇਸ ਦੀ ਸਿਰਜਣਾ

ਰੱਬ ਕੇਂਦਰਿਤ ਦ੍ਰਿਸ਼ਟੀ ਤੋਂ ਕੀਤੀ ਜਾਂਦੀ ਰਹੀ ਹੈ। ਆਧੁਨਿਕ ਕਾਲ ਦੇ ਅਰੰਭ ਵਿਚ ਵੀ ਇਕਦਮ ਪਰਿਵਰਤਨ ਨਹੀਂ ਵਾਪਰਦੇ ਬਲਕਿ ਆਧੁਨਿਕ ਕਵਿਤਾ ਦੇ ਨਾਲ-ਨਾਲ ਪਰੰਪਰਕ ਕਵਿਤਾ ਵੀ ਪ੍ਰਚੱਲਤ ਰਹਿੰਦੀ ਹੈ। ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ ਦੀ ਪੁਸਤਕ 'ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ' ਵਿਚ ਇਸ ਬਾਰੇ ਇਹ ਵਿਚਾਰ ਮਿਲਦੇ ਹਨ:-

" ਆਧੁਨਿਕ ਕਾਲ ਦੀ ਪੰਜਾਬੀ ਕਵਿਤਾ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ । ਇੱਕ ਕਵੀਆਂ ਦੀ ਉਹ ਸ਼੍ਰੇਣੀ ਹੈ ਜਿਨ੍ਹਾਂ ਦੀ ਕਵਿਤਾ ਨਿਰੋਲ ਆਧੁਨਿਕ ਲੀਹਾਂ ਤੇ ਉਸਰੀ ਹੈ। ਦੂਸਰੀ ਸ਼੍ਰੇਣੀ ਵਿੱਚ ਉਹ ਕਵੀ ਆਉਂਦੇ ਹਨ, ਜਿਨ੍ਹਾਂ ਨੇ ਰਿਵਾਇਤ ਜਾਂ ਮਰਿਯਾਦਾ ਦੀ ਉਲੰਘਣਾ ਨਹੀਂ ਕੀਤੀ, ਸਗੋਂ ਪੁਰਾਤਨ ਲੀਹਾਂ ਨੂੰ ਹੀ ਅੰਗੀਕਾਰ ਕੀਤਾ ਹੈ।"

ਭਾਈ ਵੀਰ ਸਿੰਘ ਨੇ ਇਸ ਪਰੰਪਰਕ ਕਾਵਿ ਸਿਰਜਣਾ ਨਾਲੋਂ ਨਿਖੇੜ ਪੈਦਾ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ । ਇਸੇ ਲਈ ਆਧੁਨਿਕ ਪੰਜਾਬੀ ਕਵਿਤਾ ਦੇ ਆਗਾਜ਼ ਵਿਚ ਉਨ੍ਹਾਂ ਦਾ ਬੜਾ ਹੀ ਮਹੱਤਵਪੂਰਨ ਯੋਗਦਾਨ ਬਣਦਾ ਹੈ। ਇੱਕ ਕਾਵਿ ਸਿਰਜਕ ਦੇ ਤੌਰ 'ਤੇ ਭਾਈ ਵੀਰ ਸਿੰਘ ਦੀ ਵਿਸ਼ੇਸ਼ਤਾ ਪਰੰਪਰਕ ਕਾਵਿ ਰੂਪਾਂ ਦੇ ਪ੍ਰਤਿਮਾਨਾਂ ਨੂੰ ਉਲੰਘਣ ਵਿੱਚ ਜ਼ਾਹਿਰ ਹੁੰਦੀ ਹੈ। ਲੰਮੀ ਕਵਿਤਾ ਦੇ ਪਰੰਪਰਕ ਕਾਵਿ ਰੂਪਾਂ ਦੀ ਥਾਂ 'ਤੇ ਭਾਈ ਵੀਰ ਸਿੰਘ ਨੇ ਛੋਟੀ ਕਵਿਤਾ ਦੀ ਸਿਰਜਣਾ ਕੀਤੀ। ਧਾਰਮਿਕ ਪੁਨਰ ਜਾਗ੍ਰਿਤੀ ਦੀ ਲਹਿਰ ਨਾਲ ਜੁੜੇ ਹੋਣ ਕਰਕੇ ਬੇਸ਼ਕ ਭਾਈ ਵੀਰ ਸਿੰਘ ਆਪਣੀ ਕਾਵਿ ਵਿਸ਼ਿਆਂ ਦੀ ਚੋਣ ਅਧਿਆਤਮਕ ਜਾਂ ਧਾਰਮਿਕ ਸੋਮਿਆਂ ਵਿਚੋਂ ਕਰਦੇ ਹਨ ਪਰ ਉਹਨਾਂ ਦਾ ਪ੍ਰਗਟਾਉਣ ਦਾ ਢੰਗ ਨਵਾਂ ਹੋਣ ਕਰਕੇ ਇਸ ਵਿੱਚ ਨਵੀਨਤਾ ਝਲਕਦੀ ਹੈ। ਭਾਈ ਵੀਰ ਸਿੰਘ ਤੋਂ ਪਹਿਲਾਂ ਸਿਰਜੀ ਜਾਣ ਵਾਲੀ ਅਧਿਆਤਮਕ ਕਵਿਤਾ ਵਿਅਕਤੀਗਤ ਅਨੁਭਵ ਦੀ ਬਜਾਏ ਸਮੂਹ-ਭਾਵੀ ਸੀ ਅਤੇ ਉਸ ਵਿੱਚ ਜੀਵਨ ਦੀ ਨੈਤਿਕ ਅਗਵਾਈ ਦਾ ਪੱਖ ਪੂਰਿਆ ਜਾਂਦਾ ਸੀ ਪਰ ਭਾਈ ਵੀਰ ਸਿੰਘ ਨੇ ਇਸ ਅਧਿਆਤਮਵਾਦ ਨੂੰ ਵਿਅਕਤੀਗਤ ਜੀਵਨ-ਅਨੁਭਵ ਨਾਲ ਸਬੰਧਤ ਕਰਕੇ ਨਵਾਂ ਰੂਪ ਦਿੱਤਾ। ਇਸ ਲਈ ਭਾਈ ਵੀਰ ਸਿੰਘ ਦੀ ਆਧੁਨਿਕ ਪੰਜਾਬੀ ਕਵਿਤਾ ਵਿਚ ਪਛਾਣ ਨਵੀਂ ਵਿਧੀ ਨਾਲ ਨਵੀਨ ਰੂਪਾਕਾਰਾਂ ਨੂੰ ਸਿਰਜਨ ਕਰਕੇ ਬਣਦੀ ਹੈ। ਭਾਈ ਵੀਰ ਸਿੰਘ ਨੇ ਹੀ ਪਹਿਲੀ ਵਾਰੀ ਪੰਜਾਬੀ ਵਿਚ ਮਹਾਂਕਾਵਿ 'ਰਾਣਾ ਸੂਰਤ ਸਿੰਘ' ਦੀ ਸਿਰਜਣਾ ਕਰਕੇ ਪੰਜਾਬੀ ਕਾਵਿ ਸਾਹਿਤ ਵਿਚ ਇਸ ਕਾਵਿ-ਰੂਪ ਦਾ ਆਰੰਭ ਕੀਤਾ। ਮਹਾਕਾਵਿ ਦੀ ਸਿਰਜਨਾ ਪੁਰਾਤਨ ਕਾਲ ਵਿੱਚ ਵੀ ਹੁੰਦੀ ਰਹੀ ਹੈ । ਭਾਰਤੀ ਸਾਹਿਤ ਵਿੱਚ 'ਰਮਾਇਣ' ਅਤੇ 'ਮਹਾਂਭਾਰਤ' ਪ੍ਰਾਚੀਨ ਭਾਰਤੀ ਸਾਹਿਤ ਦੇ ਮਹਾਨ ਮਹਾ ਕਾਵਿ ਹਨ । ਪੰਜਾਬੀ ਕਾਵਿ ਸਾਹਿਤ ਵਿਚ ਭਾਈ ਵੀਰ ਸਿੰਘ ਦੁਆਰਾ ਇਹਨਾ ਮਹਾਂਕਾਵਿ ਰਚਨਾਵਾਂ ਨੂੰ ਮਾਡਲ ਬਣਾ ਕੇ 'ਰਾਣਾ ਸੂਰਤ ਸਿੰਘ' ਮਹਾਕਾਵਿ ਦੀ ਸਿਰਜਣਾ ਪੰਜਾਬੀ ਕਾਵਿ-ਖੇਤਰ ਵਿਚ ਵਿਕਾਸ ਦੀ ਲਖਾਇਕ ਮੰਨੀ ਜਾਂਦੀ ਰਹੇਗੀ। ਭਾਈ ਵੀਰ ਸਿੰਘ ਦੀ ਕਵਿਤਾ ਦਾ ਜਦੋਂ ਅਸੀਂ ਪਾਠਗਤ ਅਧਿਐਨ ਕਰਦੇ ਹਨ ਤਾਂ ਉਸ ਵਿਚ ਸਿਰਜਿਆ ਗਿਆ ਪ੍ਰਕਿਰਤੀ ਦਾ ਸਜੀਵ ਰੂਪ ਅਤੇ ਕੁਦਰਤ ਦੀ ਸੁੰਦਰਤਾ ਦਾ ਭੰਡਾਰ ਉਹਨਾਂ ਦੇ ਕਾਵਿ ਉਦੇਸ਼ ਅਤੇ ਕਾਵਿ ਸੁਹਜ ਨੂੰ ਸਿਰਜਣ ਦੀ ਆਧੁਨਿਕ ਕਾਵਿ ਸ਼ੈਲੀ ਦੀ ਲਖਾਇਕ ਹੈ।

ਸਮੁੱਚੇ ਰੂਪ ਵਿੱਚ ਆਧੁਨਿਕ ਪੰਜਾਬੀ ਸਾਹਿਤ ਦੇ ਸੰਦਰਭ ਵਿੱਚ ਅਸੀਂ ਭਾਈ ਵੀਰ ਸਿੰਘ ਨੂੰ ਇਸ ਪੱਖੋਂ ਸਮਝਣ-ਸਮਝਾਉਣ ਦਾ ਯਤਨ ਕਰਦੇ ਹਾਂ ਕਿ ਉਹਨਾਂ ਨੇ ਧਾਰਮਿਕ ਪੱਧਰ 'ਤੇ ਹਿੰਦੀ, ਉਰਦੂ ਅਤੇ ਫ਼ਾਰਸੀ ਦੇ ਹਮਲੇ ਹੇਠ ਆਈ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਹਕੂਮਤ ਦੀ ਦਮਨਕਾਰੀ ਵਿਵਸਥਾ ਵੱਲੋਂ ਹਾਸ਼ੀਏ ਉੱਤੇ ਧੱਕੀ ਜਾ ਚੁੱਕੀ ਪੰਜਾਬੀ ਭਾਸ਼ਾ ਨੂੰ ਆਪਣੀ ਸਾਹਿਤ ਸਿਰਜਣਾ ਦਾ ਮਾਧਿਅਮ ਬਣਾ ਕੇ ਆਪਣੀ ਬੇਬਾਕੀ ਦਾ ਸਬੂਤ ਦਿੱਤਾ। ਉਹਨਾਂ ਦੀ ਸਿਰਜਣ ਸਮਰੱਥਾ ਨੇ ਪੰਜਾਬੀ ਭਾਸ਼ਾ ਦੇ ਸਾਹਿਤ ਨੂੰ ਵਿਪਰੀਤ ਪ੍ਰਸਥਿਤੀਆਂ ਵਿੱਚ ਆਕਸੀਜਨ ਦੇਣ ਦਾ ਕਾਰਜ ਕੀਤਾ। ਆਧੁਨਿਕ ਪੰਜਾਬੀ ਸਾਹਿਤ ਦੀ ਅਰੰਭਤਾ ਵਿਚ ਉਹਨਾਂ ਦਾ ਇਹ ਵੀ ਬਹੁਤ ਵੱਡਮੁੱਲਾ ਯੋਗਦਾਨ ਹੈ ਕਿ ਉਹਨਾਂ ਨੇ ਪੰਜਾਬੀ ਸਾਹਿਤ ਦੀਆਂ ਉਹਨਾਂ ਕਈ ਨਵੀਆਂ ਸਿਨਫਾਂ, ਜਿਵੇਂ- ਵਾਰਤਕ, ਗਲਪ, ਨਾਟਕ, ਮਹਾਕਾਵਿ, ਜੀਵਨੀ, ਟੀਕੇ, ਵਿਆਖਿਆ ਅਤੇ ਇਤਿਹਾਸ ਆਦਿ ਦੀ ਅਰੰਭਤਾ ਕੀਤੀ ਜੋ ਪਹਿਲਾਂ ਪੰਜਾਬੀ ਸਾਹਿਤ ਵਿੱਚ ਮੌਜੂਦ ਨਹੀਂ ਸਨ। ਇਸੇ ਲਈ ਅਸੀਂ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਆਗਾਜ਼ ਕਰਨ ਵਾਲਾ ਮੋਢੀ ਸਾਹਿਤਕਾਰ ਹੋਣ ਦਾ ਮਾਣ ਦਿੰਦੇ ਹਾਂ। ਉਹਨਾਂ ਦੀ ਪੰਜਾਬੀ ਸਾਹਿਤ ਸਿਰਜਣਾ ਪ੍ਰਤੀ ਘਾਲਣਾ ਨਾਲ ਆਧੁਨਿਕ ਪੰਜਾਬੀ ਸਾਹਿਤ ਨੂੰ ਨਵਾਂ ਵਿਕਾਸ ਮਾਰਗ ਪ੍ਰਾਪਤ ਹੋਇਆ। ਭਾਈ ਵੀਰ ਸਿੰਘ ਦੀ ਸਿਰਜਣਾਤਮਕ ਸਮਰੱਥਾ ਨੇ ਆਧੁਨਿਕ

ਪੰਜਾਬੀ ਸਾਹਿਤ ਨੂੰ ਅਮੀਰੀ ਦਿੱਤੀ ਅਤੇ ਪੰਜਾਬੀ ਸਾਹਿਤ ਦਾ ਇਹ ਰੂਪ ਅਜੋਕੇ ਸੰਦਰਭ ਵਿੱਚ ਲਗਾਤਾਰ ਵਿਕਾਸ ਕਰ ਰਿਹਾ ਹੈ । ਭਾਈ ਵੀਰ ਸਿੰਘ ਨੂੰ ਹੀ ਅਸੀਂ ਬੇਝਿਜਕ ਸਹੀ ਮਾਅਨਿਆਂ ਵਿਚ ਆਧੁਨਿਕ ਪੰਜਾਬੀ ਸਾਹਿਤ ਦਾ ਆਰੰਭ ਕਰਨ ਵਾਲਾ ਸਾਹਿਤਕਾਰ ਕਹਿ ਸਕਦੇ ਹਾਂ । ਉਹਨਾ ਦੁਆਰਾ ਆਧੁਨਿਕ ਪੰਜਾਬੀ ਸਾਹਿਤ ਦੀ ਸਿਰਜਣਾ ਵਿੱਚ ਪਾਏ ਯੋਗਦਾਨ ਕਰਕੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਉਹਨਾਂ ਦਾ ਸਥਾਨ ਬੜਾ ਸਨਮਾਨਯੋਗ ਅਤੇ ਪਿਤਾਮਾ ਵਾਲਾ ਮੰਨਿਆ ਜਾਂਦਾ ਹੈ।


1. ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ, ਪੰਜਬੀ ਸਾਹਿਤ ਦਾ ਉਤਪਤੀ ਅਤੇ ਵਿਕਾਸ, ਲਾਹੌਰ ਬੁੱਕ ਸ਼ਾਪ ਲੁਧਿਆਣਾ-2015.
2. ਜਗਬੀਰ ਸਿੰਘ (ਡਾ.) ਸਮੀਖਿਆ ਵਿਹਾਰ, ਨੈਸ਼ਨਲ ਬੁਕ ਸ਼ਾਪ,ਦਿੱਲੀ-1997.
3. ਠਾਕੁਰ ਭਾਰਤੀ, ਪੰਜਾਬੀ ਕਾਵਿ ਕਲਾ, ਨਿਊ ਬੁੱਕ ਕੰਪਨੀ ਜਲੰਧਰ- 1985.
4. ਨਰਿੰਦਰਪਾਲ ਸਿੰਘ(ਡਾ.) ਪੰਜਾਬੀ ਸਾਹਿਤ :ਮਾਨਵੀ ਸਰੋਕਾਰ, ਚੇਤਨਾ ਪ੍ਰਕਾਸ਼ਨ ਲੁਧਿਆਣਾ-2011.
5. ਉਹੀ, ਸਮਕਾਲੀ ਪੰਜਾਬੀ ਸਾਹਿਤ ਮਾਨਵੀ ਸਰੋਕਾਰ, ਚੇਤਨਾ ਪ੍ਰਕਾਸ਼ਨ ਲੁਧਿਆਣਾ-2013.
6. ਧਰਮਪਾਲ ਸਿੰਗਲ (ਡਾ.) ਸਾਹਿਤ ਸੰਚਯ, ਨਿਊ ਬੁੱਕ ਕੰਪਨੀ ਜਲੰਧਰ-1970.
7. ਮੇਵਾ ਸਿੰਘ (ਡਾ.) ਸੰਪਾ. ਖੋਜ ਪਤ੍ਰਿਕਾ, ਅੰਕ- 46.ਪੰਜਾਬੀ ਯੂਨੀਵਰਸਿਟੀ ਪਟਿਆਲਾ-1997.
8. ਰਜਿੰਦਰ ਸਿੰਘ ਭੱਟੀ (ਡਾ.) ਆਧੁਨਿਕ ਪੰਜਾਬੀ ਕਵਿਤਾ ਦੀ ਸੁਰਤ-ਸੰਵੇਦਨਾ, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ-2006.